# Bachelor of Computer Application (BCA) 1st Semester
## (Batch 2023-26) (CBGS)

## PUNJABI COMPULSORY

### Paper—VI (i)

Time Allowed—3 Hours] [Maximum Marks—100

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

### ਭਾਗ—ੳ

1. ਨਿਮਨ ਕਾਵਿ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਪੇਸ਼ ਕਰੋ

ਮਾਂ ਵਰਗਾ ਘਣ-ਛਾਵਾਂ ਬੂਟਾ,
ਮੈਨੂੰ ਨਜ਼ਰ ਨਾ ਆਏ।
ਲੈ ਕੇ ਜਿਸ ਤੋਂ ਛਾਂ ਉਧਾਰੀ,
ਰੱਬ ਨੇ ਸੁਰਗ ਬਣਾਏ।
ਬਾਕੀ ਕੁਲ ਦੁਨੀਆਂ ਦੇ ਬੂਟੇ,
ਜੜ੍ਹ ਸੁਕਿਆਂ ਮੁਰਝਾਂਦੇ।
ਐਪਰ ਫੁੱਲਾਂ ਦੇ ਮੁਰਝਾਇਆਂ
ਇਹ ਬੂਟਾ ਸੁਕ ਜਾਏ।

2. ਕਵਿਤਾ 'ਆਖਾਂ ਵਾਰਸ਼ ਸ਼ਾਹ ਨੂੰ' ਦਾ ਵਿਸ਼ਾ-ਵਸਤੂ ਲਿਖੋ

## ਭਾਗ—ਅ

3. 'ਦੂਜਾ ਵਿਆਹ' ਇਕਾਂਗੀ ਦਾ ਵਿਸ਼ਾ-ਵਸਤੂ ਪੇਸ਼ ਕਰੋ।

4. ਰਾਮ ਭਜਨੀ ਜਾਂ ਸੁਖਦੇਵ ਸਿੰਘ ਦਾ ਪਾਤਰ ਚਿਤਰਨ ਉਲੀਕੋ।

## ਭਾਗ—ੲ

5. ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :

(1) ਮਾਤ ਭਾਸ਼ਾ

(2) ਲਾਇਬ੍ਰੇਰੀ ਦਾ ਮਹੱਤਵ

(3) ਮੇਰਾ ਜੀਵਨ ਉਦੇਸ਼।

6 ਨਿਮਨਲਿਖਤ ਪੈਰ੍ਹੇ ਨੂੰ ਪੜ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਵਾਰਸ ਸ਼ਾਹ ਤੋਂ ਪਹਿਲਾਂ ਹੀਰ-ਰਾਂਝੇ ਦੀ ਕਹਾਣੀ ਨੂੰ ਦਮੋਦਰ, ਅਹਿਮਦ ਤੇ ਮੁਕਬਲ ਨੇ ਕਾਵਿ-ਬੱਧ ਕੀਤਾ। ਵਾਰਸ ਨੂੰ ਦਮੋਦਰ ਤੇ ਮੁਕਬਲ ਦਾ ਸੁਖਾਂਤ ਚੰਗਾ ਨਾ ਲੱਗਾ, ਉਸ ਨੇ ਕਹਾਣੀ ਨੂੰ ਦੁਖਾਂਤ ਬਣਾਇਆ। ਵਾਰਸ ਦੇ ਕਿੱਸੇ ਵਿੱਚ ਹੀਰ ਅਤੇ ਰਾਂਝਾ ਕੋਟ ਕਬੂਲੇ ਤੋਂ ਝੰਗ ਆਉਂਦੇ ਹਨ। ਹੀਰ ਦੇ ਮਾਪੇ ਰਾਂਝੇ ਨੂੰ ਜੰਞ ਲਿਆਉਣ ਲਈ ਕਹਿੰਦੇ ਹਨ ਤਾਂ ਜੋ ਵਿਆਹ ਦੀਆਂ ਪੂਰੀਆਂ ਰੀਤਾਂ ਨੂੰ ਨਿਭਾਇਆ ਜਾਵੇ। ਰਾਂਝਾ ਜੰਞ ਲਿਆਉਣ ਲਈ ਤਖ਼ਤ ਹਜ਼ਾਰੇ ਪੁੱਜਦਾ ਹੈ। ਏਧਰ ਹੀਰ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਜਾਂਦਾ ਹੈ। ਰਾਂਝਾ ਹੀਰ ਦੀ ਕਬਰ ਉੱਤੇ ਪੁੱਜਦਾ ਹੈ ਤੇ ਢੇਰੀ ਹੋ ਜਾਂਦਾ ਹੈ।

**ਪ੍ਰਸ਼ਨ :**

(1) ਵਾਰਸ ਤੋਂ ਪਹਿਲਾਂ ਹੀਰ-ਰਾਂਝੇ ਦਾ ਕਿੱਸਾ ਕਿਸ ਨੇ ਲਿਖਿਆ ?

(2) ਵਾਰਸ ਨੇ ਹੀਰ-ਰਾਂਝੇ ਦੀ ਕਹਾਣੀ ਨੂੰ ਕਿਉਂ ਦੁਖਾਂਤ ਵਿੱਚ ਲਿਖਿਆ ?

(3) ਵਾਰਸ ਨੇ ਕਿੱਸੇ ਦਾ ਅੰਤ ਕਿਵੇਂ ਕੀਤਾ ?

(4) ਹੀਰ ਤੇ ਰਾਂਝਾ ਵਾਰਸ ਦੇ ਕਿੱਸੇ ਵਿੱਚ ਕਿਥੋਂ ਆਉਂਦੇ ਹਨ ?

(5) ਇਸ ਪੈਰ੍ਹੇ ਦਾ ਸਿਰਲੇਖ ਲਿਖੋ।

## ਭਾਗ—ਸ

7. ਮਾਝੀ ਉਪਭਾਸ਼ਾ ਦੇ ਪਛਾਣ ਚਿੰਨ੍ਹ ਲਿਖੋ।

8. ਪੰਜਾਬੀ ਦੇ ਨਿਕਾਸ ਤੇ ਵਿਕਾਸ ਬਾਰੇ ਚਰਚਾ ਕਰੋ।